ਵਿਸ਼ਾ ਪੰਜਾਬੀ ਜਮਾਤ ਨੌਵੀਂ

## ਆਧੁਨਿਕ-ਕਾਵਿ
## ਬਾਵਾ ਬਲਵੰਤ

### ਕੋਸ਼ਿਸ਼ ' ਚ ਹਾਂ

ਲਕਸ਼ ਦੇ ਵੱਲ ਜਾਣ ਦੀ ਕੋਸ਼ਿਸ਼ ' ਚ ਹਾਂ ,
ਅਸਲਿਆਂ ਨੂੰ ਪਾਣ ਦੀ ਕੋਸ਼ਿਸ਼ ' ਚ ਹਾਂ ।
ਹਰ ਪੁਰਾਣੇ ਵਹਿਮ ਤੋਂ ਹੋਵੇਗਾ ਸਾਫ਼ ,
ਮੈਂ ਨਵੇਂ ਇਨਸਾਨ ਦੀ ਕੋਸ਼ਿਸ਼ ' ਚ ਹਾਂ ।
ਜ਼ਿੰਦਗੀ ਦੇ ਪਹਿਲੂਆਂ ਤੇ ਰੋਸ਼ਨੀ ,
ਰੁਖ਼ ਨਵੇਂ ਤੋਂ ਪਾਣ ਦੀ ਕੋਸ਼ਿਸ਼ ' ਚ ਹਾਂ ।

**ਪ੍ਰਸੰਗ :** ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਬਾਵਾ ਬਲਵੰਤ ਦੀ ਲਿਖੀ ਹੋਈ ਕਵਿਤਾ 'ਕੋਸ਼ਿਸ਼ 'ਚ ਹਾਂ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਨੇ ਮਨੁੱਖ ਦੀ ਜ਼ਿੰਦਗੀ ਨੂੰ ਹੋਰ ਵਧੀਆ ਅਤੇ ਸ਼ਾਨਦਾਰ ਬਣਾਉਣ ਲਈ ਆਪਣੀਆਂ ਲਗਾਤਾਰ ਕੋਸ਼ਿਸ਼ਾਂ ਨੂੰ ਬਿਆਨ ਕੀਤਾ ਹੈ।

**ਵਿਆਖਿਆ :** ਇਹਨਾਂ ਸਤਰਾਂ ਵਿੱਚ ਕਵੀ ਕਹਿੰਦਾ ਹੈ ਕਿ ਉਹ ਆਪਣੀ ਮੰਜ਼ਿਲ ਵੱਲ ਲਗਾਤਾਰ ਵੱਧਦੇ ਹੋਏ ਆਪਣੇ ਉਦੇਸ਼ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿੱਚ ਲੱਗਾ ਹੋਇਆ ਹੈ। ਉਹ ਜ਼ਿੰਦਗੀ ਦੀ ਅਸਲੀਅਤ ਨੂੰ ਜਾਨਣ ਦੀ ਕੋਸ਼ਿਸ਼ ਵਿੱਚ ਹੈ। ਉਹ ਪੁਰਾਣੇ ਵਹਿਮਾਂ ਤੋਂ ਮੁਕਤ ਇਨਸਾਨ ਦੀ ਸਿਰਜਣਾ ਕਰਨ ਦੀ ਕੋਸ਼ਿਸ਼ ਵਿੱਚ ਹੈ। ਉਹ ਇਸ ਕੋਸ਼ਿਸ਼ ਵਿੱਚ ਹੈ ਕਿ ਮਨੁੱਖ ਦੀ ਜ਼ਿੰਦਗੀ ਦੇ ਹਰ ਪੱਖ ਨੂੰ ਨਵੀਂ ਉਸਾਰੂ ਸੋਚ ਤਹਿਤ ਸਮਝਿਆ ਜਾਵੇ ਅਤੇ ਇਸ ਦੀ ਵਿਆਖਿਆ ਕੀਤੀ ਜਾਵੇ।

ਜਿਸ ' ਚ ਆ ਜਾਏ ਮਨੁੱਖਤਾ ਦਾ ਅਸਰ ,
ਐਸੇ ਇੱਕ ਦੀਵਾਨ ਦੀ ਕੋਸ਼ਿਸ਼ ' ਚ ਹਾਂ ।
ਇਸ ਲਈ ਖਾਂਦਾ ਹਾਂ ਦਰ - ਦਰ ਠੋਕਰਾਂ ,
ਜ਼ਿੰਦਗੀ ਨੂੰ ਪਾਣ ਦੀ ਕੋਸ਼ਿਸ਼ ' ਚ ਹਾਂ ।
ਜਾਏ ਕੀ ਨਫ਼ਰਤ ਕਿ ਮੈਂ ਕਿਸ ਦੇ ਲਈ ,
ਹੋਰ ਵੀ ਨੁਕਸਾਨ ਦੀ ਕੋਸ਼ਿਸ਼ ' ਚ ਹਾਂ ।

**ਪ੍ਰਸੰਗ :** ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਬਾਵਾ ਬਲਵੰਤ ਦੀ ਲਿਖੀ ਹੋਈ ਕਵਿਤਾ 'ਕੋਸ਼ਿਸ਼ 'ਚ ਹਾਂ' ਵਿੱਚੋਂ ਲਿਆ ਗਿਆ ਹੈ ਇਸ ਕਵਿਤਾ ਵਿਚ ਕਵੀ ਨੇ ਮਨੁੱਖ ਦੀ ਜ਼ਿੰਦਗੀ ਨੂੰ ਹੋਰ ਵਧੀਆ ਅਤੇ ਸ਼ਾਨਦਾਰ ਬਣਾਉਣ ਲਈ ਆਪਣੀਆਂ ਲਗਾਤਾਰ ਕੋਸ਼ਿਸ਼ਾਂ ਨੂੰ ਬਿਆਨ ਕੀਤਾ ਹੈ।

**ਵਿਆਖਿਆ :** ਇਹਨਾਂ ਸਤਰਾਂ ਵਿੱਚ ਕਵੀ ਕਹਿੰਦਾ ਹੈ ਕਿ ਉਹ ਇੱਕ ਅਜਿਹਾ ਦਰਬਾਰ ਲਾਉਣਾ ਚਾਹੁੰਦਾ ਹੈ ਜਿਸ ਵਿੱਚ ਮਨੁੱਖ ਦੀ ਭਲਾਈ  ਅਤੇ ਉਸ ਦੇ ਵਧੀਆ ਜੀਵਨ ਦੀ ਉਸਾਰੀ ਲਈ ਇਨਸਾਫ਼ ਦੀਆਂ ਗੱਲਾਂ ਹੋਣ। ਉਹ ਇਸੇ ਲਈ ਹੀ ਦਰ-ਦਰ ਤੇ ਠੋਕਰਾਂ ਖਾ ਰਿਹਾ ਹੈ, ਕਿਉਂਕਿ ਉਹ ਇੱਕ ਮਾਣ ਵਾਲੀ ਅਤੇ ਅਰਥ-ਭਰਪੂਰ ਜ਼ਿੰਦਗੀ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿੱਚ ਲੱਗਾ ਹੋਇਆ ਹੈ। ਉਹ ਕਹਿੰਦਾ ਹੈ ਕਿ ਉਸ ਨੂੰ ਨਫ਼ਰਤ ਕਰਨ ਵਾਲਿਆ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਉਹ ਕਿਸ ਗੱਲ ਦੀ ਖ਼ਾਤਰ ਆਪਣਾ ਹੋਰ ਨੁਕਸਾਨ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

**ਜਿਸ ਤੋਂ ਰਹੇ ਜੀਵਨ ਦੀ ਕੁਟੀਆ ਅਬਾਦ ,**
**ਐਸੇ ਇੱਕ ਮਹਿਮਾਨ ਦੀ ਕੋਸ਼ਿਸ਼ ' ਚ ਹਾਂ।**
**ਹਰ ਸਮੇਂ ਦੇ ਨਾਲ ਵੱਧਦੀ ਜ਼ਿੰਦਗੀ,**
**ਆਖੇ 'ਨਵ - ਸਾਮਾਨ' ਦੀ ਕੋਸ਼ਿਸ਼ ' ਚ ਹਾਂ।**
**ਹੁਨਰ ਤੇ ਸਿਹਤ ਦੇ ਪੁਤਲੇ ਆਦਮੀ**
**ਤੇਰੇ ਸੋਹਲੇ ਗਾਣ ਦੀ ਕੋਸ਼ਿਸ਼ 'ਚ ਹਾਂ।**

**ਪ੍ਰਸੰਗ :** ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਬਾਵਾ ਬਲਵੰਤ ਦੀ ਲਿਖੀ ਹੋਈ ਕਵਿਤਾ 'ਕੋਸ਼ਿਸ਼ 'ਚ ਹਾਂ' ਵਿੱਚੋਂ ਲਿਆ ਗਿਆ ਹੈ ਇਸ ਕਵਿਤਾ ਵਿਚ ਕਵੀ ਨੇ ਮਨੁੱਖ ਦੀ ਜ਼ਿੰਦਗੀ ਨੂੰ ਹੋਰ ਵਧੀਆ ਅਤੇ ਸ਼ਾਨਦਾਰ ਬਣਾਉਣ ਲਈ ਆਪਣੀਆਂ ਲਗਾਤਾਰ ਕੋਸ਼ਿਸ਼ਾਂ ਨੂੰ ਬਿਆਨ ਕੀਤਾ ਹੈ।

**ਵਿਆਖਿਆ :** ਇਹਨਾਂ ਸਤਰਾਂ ਵਿੱਚ ਕਵੀ ਕਹਿੰਦਾ ਹੈ ਕਿ ਉਹ ਇਕ ਅਜਿਹੇ ਮਹਿਮਾਨ ਨੂੰ ਲੱਭ ਰਿਹਾ ਹੈ , ਜਿਸ ਦੇ ਆਉਣ ਨਾਲ ਜੀਵਨ ਦੀ ਕੁਟੀਆ ਸਦਾ ਆਬਾਦ ਰਹੇ। ਕਵੀ ਅੱਗੇ ਕਹਿੰਦਾ ਹੈ ਕਿ ਪਲ-ਪਲ ਬੀਤ ਰਹੇ ਸਮੇਂ ਦੇ ਨਾਲ ਜ਼ਿੰਦਗੀ ਆਪਣੇ ਸੁੱਖ ਲਈ ਨਵੇਂ-ਨਵੇਂ ਸਾਮਾਨ ਜੁਟਾਉਣ ਦੇ ਕੰਮ ਵਿਚ ਲੱਗੀ ਹੋਈ ਹੈ। ਉਹ ਕਹਿੰਦਾ ਹੈ ਕਿ ਹੇ ਹਿੰਮਤ ਅਤੇ ਹੁਨਰ ਵਿਚ ਢਲੇ ਹੋਏ ਮਨੁੱਖ! ਮੈਂ ਤੇਰੇ ਹੁਨਰ ਅਤੇ ਹਿੰਮਤ ਦੀ ਕਦਰ ਕਰਦਾ ਹਾਂ। ਮੈਂ ਹਰ ਵੇਲੇ ਤੇਰੀ ਪ੍ਰਸ਼ੰਸਾ ਕਰਨ ਦੀ ਕੋਸ਼ਿਸ਼ ਵਿੱਚ ਰਹਿੰਦਾ ਹਾਂ।

## ਵਸਤੂਨਿਸ਼ਠ / ਸੰਖੇਪਾਤਮਕ ਉੱਤਰ ਵਾਲੇ ਪ੍ਰਸ਼ਨ

ਪ੍ਰਸ਼ਨ : ' ਕੋਸ਼ਿਸ਼ 'ਚ ਹਾਂ ' ਕਵਿਤਾ ਦਾ ਕੇਂਦਰੀ ਭਾਵ ਲਿਖੋ।
ਉੱਤਰ : ਕਵੀ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਲਗਾਤਾਰ ਯਤਨਸ਼ੀਲ ਹੈ। ਉਹ ਵਹਿਮਾਂ ਭਰਮਾਂ ਤੋਂ ਮੁਕਤ ਇਨਸਾਨ ਦੀ ਸਿਰਜਣਾ ਕਰਨੀ ਚਾਹੁੰਦਾ ਹੈ। ਉਹ ਜ਼ਿੰਦਗੀ ਦੇ ਹਰ ਪੱਖ ਦੀ ਨਵੀਂ ਸੋਚ ਅਧੀਨ ਵਿਆਖਿਆ ਕਰਨੀ ਚਾਹੁੰਦਾ ਹੈ। ਉਹ ਹਿੰਮਤ ਅਤੇ ਹੁਨਰ ਵਿੱਚ ਢਲੇ ਇਨਸਾਨ ਦੀ ਕਦਰ ਕਰਦਾ ਹੈ।
ਪ੍ਰਸ਼ਨ : ਕਵੀ ਕਿਸ ਤਰਾਂ ਦੇ ਇਨਸਾਨ ਦੀ ਸਿਰਜਣਾ ਕਰਨੀ ਚਾਹੁੰਦਾ ਹੈ?
ਉੱਤਰ : ਵਹਿਮਾਂ ਤੋਂ ਮੁਕਤ ਇਨਸਾਨ।
ਪ੍ਰਸ਼ਨ :' ਕੋਸ਼ਿਸ਼ 'ਚ ਹਾਂ' ਕਵਿਤਾ ਦਾ ਲੇਖਕ ਕੌਣ ਹੈ?
ਉੱਤਰ : ਬਾਵਾ ਬਲਵੰਤ।

## ਦੇਸ਼

ਉਹ ਹੈ ਦੇਸ ਮਹਾਨ
ਜੋ ਆਪਣੇ ਵੇਲੇ ਸਿਰ ਬੀਜੇ, ਵਾਹੇ ਖੇਤ,
ਸੁੰਨ ਮਸਾਨ ਉਜਾੜਾ ਫੇਰ ਬਣਾਏ ਖੇਤ।
ਮਿੱਠੇ ਅਤ ਮਿੱਠੇ ਗੀਤਾਂ ਦੀ ਛਾਂ ਹੇਠਾਂ,
ਹਲ ਦੀ ਨੋਕ ਤੋਂ ਬਦਲੇ ਕੱਲਰਾਂ ਦੀ ਤਸਵੀਰ ।
ਮਿਹਨਤ ਤੋਂ ਆਪਣੀ ਬਦਲੇ ਆਪਣੀ ਤਕਦੀਰ।
ਹੋਵੇ ਮਿਹਨਤ ਦਾ ਪੁਤਲਾ ਹਰ ਜੀਵ ਕਿਸਾਨ ।
ਉਹ ਹੈ ਦੇਸ਼ ਮਹਾਨ।

ਪ੍ਰਸੰਗ : ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਬਾਵਾ ਬਲਵੰਤ ਦੀ ਲਿਖੀ ਹੋਈ ਕਵਿਤਾ ' ਦੇਸ਼ ' ਵਿੱਚੋਂ ਲਿਆ ਗਿਆ ਹੈ ਇਸ ਕਵਿਤਾ ਵਿਚ ਕਵੀ ਨੇ ਇਕ ਮਹਾਨ ਦੇਸ਼ ਦੇ ਗੁਣਾਂ ਨੂੰ ਬਿਆਨ ਕੀਤਾ ਹੈ।

ਵਿਆਖਿਆ : ਇਨ੍ਹਾਂ ਸਤਰਾਂ ਵਿੱਚ ਕਵੀ ਲਿਖਦਾ ਹੈ ਉਹ ਦੇਸ਼ ਹੀ ਮਹਾਨ ਦੇਸ਼ ਹੁੰਦਾ ਹੈ, ਜਿਹੜਾ ਆਪਣੇ ਖੇਤਾਂ ਦਾ ਆਪ ਮਾਲਕ ਹੁੰਦਾ ਹੈ। ਉਹ ਆਪਣੇ ਖੇਤਾਂ ਨੂੰ ਵੇਲੇ ਸਿਰ ਵਾਹੁੰਦਾ ਤੇ ਬੀਜਦਾ ਹੈ।

ਉਹ ਸੁੰਨ ਮਸਾਨ ਪਈ ਉਜਾੜਾਂ ਵਰਗੀ ਜ਼ਮੀਨ ਨੂੰ ਮਿਹਨਤ ਨਾਲ ਖੇਤ ਬਣਾ ਕੇ ਉਸ ਉਸ ਵਿੱਚ ਬੀਜਦਾ, ਵਾਹੁੰਦਾ ਹੈ। ਉਹ ਦੇਸ਼ ਜਿਸ ਦੇ ਲੋਕ ਮਿੱਠੇ ਮਿੱਠੇ ਗੀਤ ਗਾਉਂਦੇ ਹੋਏ ਹਲ਼ ਦੀ ਨੋਕ ਨਾਲ ਕੱਲਰ ਪਈ ਜ਼ਮੀਨ ਨੂੰ ਵਾਹ ਕੇ ਅਤੇ ਉਸ ਨੂੰ ਉਪਜਾਊ ਜ਼ਮੀਨ ਵਿੱਚ ਬਦਲ ਦੇਣ। ਇਸ ਤਰ੍ਹਾਂ ਉਹ ਆਪਣੀ ਮਿਹਨਤ ਨਾਲ ਆਪਣੀ ਤਕਦੀਰ ਬਦਲ ਸਕਦੇ ਹੋਣ ਭਾਵ ਕਿ ਹੈ ਉਨ੍ਹਾਂ ਦੀ ਮਿਹਨਤ ਦਾ ਪੂਰਾ ਮੁੱਲ ਪੈਂਦਾ ਹੋਵੇ। ਇਥੋਂ ਦਾ ਹਰ ਕਿਸਾਨ ਮਿਹਨਤ ਦਾ ਪੁਤਲਾ ਹੋਵੇ। ਇਸ ਤਰ੍ਹਾਂ ਦੇ ਦੇਸ਼ ਨੂੰ ਹੀ ਮਹਾਨ ਦੇਸ਼ ਕਿਹਾ ਜਾ ਸਕਦਾ ਹੈ।

ਦਿਲ ਵਿੱਚ ਹਰ ਦਾਣੇ ਦਾ ਹੋਵੇ ਪਿਆਰ ਅਪਾਰ ,
ਤਾਰੇ ਡੁੱਬਣ ਤੋਂ ਪਹਿਲਾਂ ਪਹਿਲਾਂ ਜਨ-ਧਾਰ ।
ਹਰਿਆਂ ਖੇਤਾਂ ਦੇ ਵਿੱਚ ਦਰਪਨ ਰੂਪ ਫਿਰੇ ,
ਖੁਸ਼ ਹੋਵਣ ਫ਼ਸਲਾਂ ਆਪਣੀ ਹੀ ਸੂਰਤ ' ਤੇ
ਹੀਰੇ ਰੰਗ ਹੋਵਣ ਘਰ ਅੰਦਰੋਂ ਬਾਹਰੋਂ ਸਾਫ਼,
ਇੱਕ ਦੂਜੇ ਦੀ ਗ਼ਲਤੀ ਨੂੰ ਕਰ ਦੇਵਣ ਮਾਫ਼।
ਜੇ ਖੇਤ ਦੇ ਰਾਖੇ ਐਸੇ ਹੋਣ ਜਵਾਨ ,
ਤਾਂ ਹੈ ਦੇਸ਼ ਮਹਾਨ ।

ਪ੍ਰਸੰਗ : ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਬਾਵਾ ਬਲਵੰਤ ਦੀ ਲਿਖੀ ਹੋਈ ਕਵਿਤਾ ' ਦੇਸ਼ ' ਵਿੱਚੋਂ ਲਿਆ ਗਿਆ ਹੈ ਇਸ ਕਵਿਤਾ ਵਿਚ ਕਵੀ ਨੇ ਇਕ ਮਹਾਨ ਦੇਸ਼ ਦੇ ਗੁਣਾਂ ਨੂੰ ਬਿਆਨ ਕੀਤਾ ਹੈ।

ਵਿਆਖਿਆ : ਇਨ੍ਹਾਂ ਸਤਰਾਂ ਵਿੱਚ ਕਵੀ ਕਹਿੰਦਾ ਹੈ ਕਿ ਉਸ ਦੇਸ਼ ਨੂੰ ਹੀ ਮਹਾਨ ਦੇਸ਼ ਕਿਹਾ ਜਾ ਸਕਦਾ ਹੈ ਜਿੱਥੋਂ ਦੇ ਲੋਕਾਂ ਦਾ ਆਪਣੇ ਦੇਸ਼ ਦੇ ਅੰਨ ਭਾਵ ਦਾਣੇ-ਦਾਣੇ ਨਾਲ ਅਥਾਹ ਪਿਆਰ ਹੋਵੇ। ਜਿਸ ਦੇਸ਼ ਦੇ ਕਿਸਾਨ ਤਾਰੇ ਡੁੱਬਣ ਤੋਂ ਪਹਿਲਾਂ ਸਵੱਖਤੇ ਉੱਠ ਕੇ ਆਪਣੇ ਖੇਤਾਂ ਵਿਚ ਕੰਮ ਵਿੱਚ ਜੁਟ ਜਾਣ। ਹਰੇ-ਹਰੇ ਖੇਤਾਂ ਵਿੱਚ ਭਰੇ ਪਾਣੀ ਦੀ ਧਾਰਾ ਸ਼ੀਸ਼ੇ ਵਾਂਗ ਫਿਰਦੀ ਹੋਵੇ ਅਤੇ ਉਸ ਪਾਣੀ ਵਿਚੋਂ ਆਪਣੀ ਹੀ ਸੂਰਤ ਦੇਖ ਕੇ ਲਹਿਰਾਉਂਦੀਆਂ ਫ਼ਸਲਾਂ ਖੁਸ਼ ਹੁੰਦੀਆਂ ਹੋਣ। ਉਥੋਂ ਦੇ ਰਹਿਣ ਵਾਲੇ ਲੋਕਾਂ ਦੇ ਘਰ ਅੰਦਰੋਂ ਅਤੇ ਬਾਹਰੋਂ ਹੀਰਿਆਂ ਵਰਗੇ ਸਾਫ਼ ਦਿਖਾਈ ਦਿੰਦੇ ਹੋਣ। ਉਹ ਇੱਕ ਦੂਜੇ ਦੀ ਗ਼ਲਤੀ ਮੁਆਫ਼ ਕਰ ਦਿੰਦੇ ਹੋਣ। ਜਿਸ ਦੇਸ਼ ਦੇ ਰਾਖੇ ਇਹੋ ਜਿਹੇ ਜਵਾਨ ਮਨੁੱਖ ਹੋਣ, ਅਜਿਹਾ ਦੇਸ਼ ਹੀ ਮਹਾਨ ਦੇਸ਼ ਕਹਾਉਂਦਾ ਹੈ।

ਕੱਚੇ ਖੇਤ ਨਾ ਹੋਵਣ ਜਿਸ ਦੇ ਰੋਜ਼ ਨਿਲਾਮ ,
ਸੂਦ ਦੀਆਂ ਲੀਕਾਂ ਦੇ ਜੋ ਨਾ ਹੋਣ ਗੁਲਾਮ ,
ਜਿਸ ਨੂੰ ਹੋਸ਼ ਰਹੇ ਕੱਲ੍ਹ ਪੈ ਸਕਦਾ ਏ ਕਾਲ ,
ਜਿਸ ਦੀ ਅਣਖ ਤੁਰੇਗੀ ਆਪਣਾ ਆਪ ਸੰਭਾਲ,
ਉਹ ਹੈ ਦੇਸ਼ ਮਹਾਨ,
ਉਹ ਹੈ ਸਵਰਗ ਸਮਾਨ।

**ਪ੍ਰਸੰਗ :** ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਬਾਵਾ ਬਲਵੰਤ ਦੀ ਲਿਖੀ ਹੋਈ ਕਵਿਤਾ ' ਦੇਸ਼ ' ਵਿੱਚੋਂ ਲਿਆ ਗਿਆ ਹੈ ਇਸ ਕਵਿਤਾ ਵਿਚ ਕਵੀ ਨੇ ਇਕ ਮਹਾਨ ਦੇਸ਼ ਦੇ ਗੁਣਾਂ ਨੂੰ ਬਿਆਨ ਕੀਤਾ ਹੈ।

**ਵਿਆਖਿਆ :** ਇਹਨਾਂ ਸਤਰਾਂ ਵਿੱਚ ਕਵੀ ਕਹਿੰਦਾ ਹੈ ਕਿ ਉਹ ਦੇਸ਼ ਹੀ ਮਹਾਨ ਦੇਸ਼ ਹੁੰਦਾ ਹੈ,ਜਿਥੋਂ ਦੇ ਖੇਤ ਕਿਸੇ ਕਰਜ਼ੇ ਦੀ ਉਗਰਾਹੀ ਲਈ ਕੋਈ ਸ਼ਾਹੂਕਾਰ ਨਿਲਾਮ ਨਾ ਕਰ ਕੇ ਲੈ ਜਾਂਦਾ ਹੋਵੇ। ਜਿਥੋਂ ਦੇ ਲੋਕ ਕਿਸੇ ਕਰਜ਼ੇ ਤੇ ਵਿਆਜ ਦੀ ਲਿਖਤ ਦੇ ਗ਼ੁਲਾਮ ਨਾ ਹੋਣ ਭਾਵ ਕਿ ਜਿਥੋਂ ਦਾ ਕਿਸਾਨ ਕਿਸੇ ਕਰਜ਼ੇ ਦੇ ਬੋਝ ਥੱਲੇ ਨਾ ਦੱਬਿਆ ਹੋਵੇ। ਜਿੱਥੋਂ ਦੇ ਲੋਕ ਇਸ ਗੱਲ ਪ੍ਰਤੀ ਸੁਚੇਤ ਹੋਣ ਕਿ ਕੱਲ੍ਹ ਨੂੰ ਕਾਲ ਪੈਣ ਨਾਲ ਖਾਣ-ਪੀਣ ਦੀਆਂ ਵਸਤਾਂ ਦੀ ਤੰਗੀ ਹੋ ਸਕਦੀ ਹੈ। ਜਿਸ ਦੇਸ਼ ਦੇ ਲੋਕ ਆਪਣੀ ਅਣਖ ਦੀ ਰਾਖੀ ਦੀ ਤੜਫ਼ ਰੱਖਦੇ ਹੋਣ। ਅਜਿਹਾ ਦੇਸ਼ ਹੀ ਮਹਾਨ ਦੇਸ਼ ਹੁੰਦਾ ਹੈ ਅਤੇ ਉਹ ਸਵਰਗ ਦੇ ਸਮਾਨ ਹੁੰਦਾ ਹੈ।

ਹਮਸਾਏ ਦੇਸ਼ਾਂ ਤੇ ਜਿਸ ਥਾਂ ਦੇ ਬਲਵਾਨ ,
ਨਸਲ ਦੀਆਂ ਗਾਰਾਂ ' ਚ ਛਿਣਕਣ ਨਾ ਅਪਮਾਨ ,
ਆਪਣੇ ਹੱਕਾਂ ਨੂੰ ਜੋ ਖੋਹਣ ਨਾ ਦੇਵਣ ਵੀਰ .
ਹਮਸਾਇਆਂ ਨੂੰ ਉੱਡਦੇ ਦੇਖ ਨਾ ਮਾਰਨ ਤੀਰ ,
ਸਹਿਣਾ ਜ਼ੁਲਮ ਵੀ ਹੋਵੇ ਜਿਸ ਦੀ ਸਮਝ ' ਚ ਪਾਪ ,
ਕੋਈ ਦੂਸਰਿਆਂ ' ਤੇ ਜ਼ੁਲਮ ਕਰੇ ਤਾਂ ਆਪ

**ਪ੍ਰਸੰਗ :** ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਬਾਵਾ ਬਲਵੰਤ ਦੀ ਲਿਖੀ ਹੋਈ ਕਵਿਤਾ ' ਦੇਸ਼ ' ਵਿੱਚੋਂ ਲਿਆ ਗਿਆ ਹੈ ਇਸ ਕਵਿਤਾ ਵਿਚ ਕਵੀ ਨੇ ਇਕ ਮਹਾਨ ਦੇਸ਼ ਦੇ ਗੁਣਾਂ ਨੂੰ ਬਿਆਨ ਕੀਤਾ ਹੈ।

**ਵਿਆਖਿਆ :** ਇਹਨਾਂ ਸਤਰਾਂ ਵਿੱਚ ਕਵੀ ਕਹਿੰਦਾ ਹੈ ਕਿ ਉਹ ਦੇਸ਼ ਹੀ ਮਹਾਨ ਦੇਸ਼ ਹੁੰਦਾ ਹੈ, ਜਿਸ ਦੇਸ਼ ਦੇ ਤਾਕਤਵਰ ਲੋਕ ਨਸਲੀ ਵਿਤਕਰੇ ਦਾ ਸ਼ਿਕਾਰ ਹੋ ਕੇ ਦੂਜੀ ਨਸਲ ਦੇ ਬੰਦਿਆ ਦਾ

ਅਪਮਾਨ ਨਾ ਕਰਨ। ਜੋ ਆਪਣੇ ਹੱਕਾਂ ਦੀ ਰਾਖੀ ਕਰ ਸਕਣ ਅਤੇ ਆਪਣੇ ਹੱਕ ਕਿਸੇ ਹੋਰ ਨੂੰ ਖੋਹਣ ਨਾ ਦੇਣ। ਜਿਸ ਦੇਸ਼ ਦੇ ਲੋਕ ਕਿਸੇ ਆਪਣੇ ਨੂੰ ਤਰੱਕੀ ਕਰਦੇ ਦੇਖ ਕੇ ਉਸ ਨੂੰ ਈਰਖਾ ਅਤੇ ਵੈਰ ਦੇ ਤੀਰ ਨਾ ਮਾਰਨ। ਜੋ ਜ਼ੁਲਮ ਸਹਿਣਾ ਪਾਪ ਸਮਝਦੇ ਹੋਣ ਅਤੇ ਉਹ ਆਪ ਵੀ ਕਿਸੇ ਉੱਪਰ ਜ਼ੁਲਮ ਨਾ ਕਰਨ।

ਹਰ ਦਿਲ ਵਿੱਚ ਹੋਵੇ ਮਾਨਵ ਸ਼ਕਤੀ ਦਾ ਰੂਪ,
ਇੱਕ ਬੱਚੇ ਵਿੱਚ ਨਜ਼ਰ ਨਾ ਆਏ ਕੋਹਜ ਕਰੂਪ ,
ਹਰ ਇੱਕ ਵਾਸੀ ਆਏ ਹੱਸਦਾ ਨਜ਼ਰ ਅਰੋਗ ,
ਉਸ ਧਰਤੀ ਦਾ ਏ ਹਰ ਜ਼ੱਰਾ ਪੂਜਣ - ਯੋਗ ।
ਜਿਸ ਥਾਂ ਦੇਸ - ਵਿਰੋਧੀ ਇੱਕ ਨਹੀਂ ਇਨਸਾਨ ,
ਧਰਤੀ ਮਾਤਾ ਨੂੰ ਜੇ ਪੂਜਣ ਰੱਬ ਸਮਾਨ ,
ਉਹ ਹੈ ਦੇਸ਼ ਮਹਾਨ ।

**ਪ੍ਰਸੰਗ :** ਇਹ ਕਾਵਿ-ਟੋਟਾ 'ਸਾਹਿਤ ਮਾਲਾ' ਪੁਸਤਕ ਵਿੱਚ ਦਰਜ ਬਾਵਾ ਬਲਵੰਤ ਦੀ ਲਿਖੀ ਹੋਈ ਕਵਿਤਾ ' ਦੇਸ਼ ' ਵਿੱਚੋਂ ਲਿਆ ਗਿਆ ਹੈ ਇਸ ਕਵਿਤਾ ਵਿਚ ਕਵੀ ਨੇ ਇਕ ਮਹਾਨ ਦੇਸ਼ ਦੇ ਗੁਣਾਂ ਨੂੰ ਬਿਆਨ ਕੀਤਾ ਹੈ।

**ਵਿਆਖਿਆ :** ਇਨ੍ਹਾਂ ਸਤਰਾਂ ਵਿੱਚ ਕਵੀ ਕਹਿੰਦਾ ਹੈ ਕਿ ਉਹ ਦੇਸ਼ ਹੀ ਮਹਾਨ ਦੇਸ਼ ਹੁੰਦਾ ਹੈ, ਜਿਸ ਵਿੱਚ ਵਸਦੇ ਹਰ ਮਨੁੱਖ ਦੇ ਦਿਲ ਵਿੱਚ ਇਨਸਾਨੀਅਤ ਜਿਉਂਦੀ ਹੋਵੇ। ਜਿਥੋਂ ਦੇ ਇੱਕ ਵੀ ਬੱਚੇ ਵਿੱਚ ਕੋਝ ਜਾਂ ਕਰੂਪਤਾ ਨਜ਼ਰ ਨਾ ਆਵੇ। ਜਿਥੋਂ ਦਾ ਹਰ ਇੱਕ ਵਾਸੀ ਹੱਸਦਾ-ਵੱਸਦਾ ਅਤੇ ਸਿਹਤਮੰਦ ਹੋਵੇ। ਉਸ ਦੇਸ ਦੀ ਧਰਤੀ ਦਾ ਹਰ ਥਾਂ ਪੂਜਣਯੋਗ ਹੁੰਦਾ ਹੈ, ਜਿੱਥੇ ਕੋਈ ਵੀ ਮਨੁੱਖ ਦੇਸ਼-ਵਿਰੋਧੀ ਨਾ ਹੋਵੇ। ਜਿਥੋਂ ਦੇ ਲੋਕ ਆਪਣੀ ਧਰਤੀ ਮਾਤਾ ਨੂੰ ਰੱਬ ਦੇ ਸਮਾਨ ਪੂਜਦੇ ਹਨ। ਅਜਿਹਾ ਦੇਸ ਸੱਚਮੁੱਚ ਹੀ ਮਹਾਨ ਦੇਸ਼ ਹੁੰਦਾ ਹੈ।

## ਵਸਤੂਨਿਸ਼ਠ / ਸੰਖੇਪਾਤਮਕ ਉੱਤਰ ਵਾਲੇ ਪ੍ਰਸ਼ਨ

ਪ੍ਰਸ਼ਨ : ' ਦੇਸ਼ ' ਕਵਿਤਾ ਦਾ ਕੇਂਦਰੀ ਭਾਵ ਲਿਖੋ।
ਉੱਤਰ : ਉਹ ਦੇਸ਼ ਹੀ ਮਹਾਨ ਦੇਸ਼ ਹੁੰਦਾ ਹੈ, ਜਿਥੋਂ ਦੇ ਲੋਕ ਖੇਤਾਂ ਵਿੱਚ ਮਿਹਨਤ ਕਰਦੇ ਅਤੇ ਅੰਨ ਪੈਦਾ ਕਰਦੇ ਹਨ। ਜਿਥੋਂ ਦੇ ਲੋਕ ਕਰਜ਼ਿਆਂ ਦੇ ਭਾਰ ਹੇਠ ਨਹੀਂ ਦੱਬੇ ਹੁੰਦੇ। ਜੋ ਅਣਖੀ ਹੁੰਦੇ ਹਨ, ਜੋ ਨਸਲੀ ਵਿਤਕਰੇ ਤੋਂ ਰਹਿਤ, ਈਰਖਾ ਰਹਿਤ , ਮਨੁੱਖੀ ਪਿਆਰ ਨਾਲ ਭਰਪੂਰ, ਦੇਸ਼-ਭਗਤ

ਅਤੇ ਗੁਆਂਢੀ ਦੇਸ਼ਾਂ ਉੱਪਰ ਜ਼ੁਲਮ ਨਾ ਕਰਨ ਵਾਲੇ ਅਤੇ ਨਾ ਹੀ ਕਿਸੇ ਦਾ ਜ਼ੁਲਮ ਸਹਿਣ ਕਰਨ ਵਾਲੇ ਹੁੰਦੇ ਹਨ।

ਪ੍ਰਸ਼ਨ : ਮਹਾਨ ਦੇਸ਼ ਦੇ ਲੋਕ ਧਰਤੀ ਮਾਤਾ ਨੂੰ ਕਿਸ ਤਰ੍ਹਾਂ ਪੂਜਦੇ ਹਨ?

ਉੱਤਰ : ਰੱਬ ਵਾਂਗ।

ਪ੍ਰਸ਼ਨ : ਕਵੀ ਕਿਹੋ ਜਿਹੇ ਆਦਮੀ ਦੀ ਪ੍ਰਸ਼ੰਸਾ ਕਰਨ ਦੀ ਕੋਸ਼ਿਸ਼ ਵਿੱਚ ਹੈ?

ਉੱਤਰ : ਜੋ ਹੁਨਰ ਤੇ ਮਿਹਨਤ ਦਾ ਪੁਤਲਾ ਹੈ।

ਪ੍ਰਸ਼ਨ : ਦੇਸ਼ ਦੇ ਲੋਕ ਕਿਸ ਤਰ੍ਹਾਂ ਆਪਣੀ ਤਕਦੀਰ ਬਦਲ ਸਕਦੇ ਹਨ?

ਉੱਤਰ : ਮਿਹਨਤ ਨਾਲ।

ਪ੍ਰਸ਼ਨ: ' ਦੇਸ਼ ' ਕਵਿਤਾ ਵਿੱਚ ਕਵੀ ਨੇ ਕਿਹੋ ਜਿਹੇ ਭਾਵ ਅੰਕਿਤ ਕੀਤੇ ਹਨ?

ਉੱਤਰ : ਮਾਨਵਵਾਦੀ।

ਤਿਆਰ ਕਰਤਾ :
ਊਸ਼ਾ ਰਾਣੀ
ਪੰਜਾਬੀ ਅਧਿਆਪਕਾ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰ.) ਮੱਤੇਵਾਲ
ਜ਼ਿਲ੍ਹਾ ਅੰਮ੍ਰਿਤਸਰ।
ਮੋਬਾਇਲ 7529022691